

Helping your child with literacy and numeracy at home

Punjabi

# ਘਰ ਵਿੱਚ ਸਾਖਰਤਾ ਅਤੇ ਅੰਕਾਂ ਬਾਰੇ ਤੁਹਾਡੇ ਬੱਚੇ ਦੀ ਮਦਦ ਕਰਨੀ

NSW ਦਾ ਸਿਖਿਆ ਵਿਭਾਗ

ਇਹ ਕਿਤਾਬਚਾ ਸਕੂਲ ਦੇ ਸ਼ੁਰੂਆਤੀ ਸਾਲਾਂ ਲਈ ਮਾਪਿਆਂ, ਸੰਭਾਲਕਾਂ ਅਤੇ ਬੱਚਿਆਂ ਦੇ ਪਰਿਵਾਰਾਂ ਲਈ ਬਣਾਇਆ ਗਿਆ ਹੈ।

ਇਹ ਮਹੱਤਵਪੂਰਣ ਸਿੱਖਣ ਵਿੱਚ ਮਦਦ ਕਰਨ ਲਈ ਕਿਰਿਆਵਾਂ ਜੋ ਘਰ ਵਿੱਚ ਵਾਪਰਦੀਆਂ ਹਨ ਨਾਲ ਭਰਿਆ ਹੋਇਆ ਹੈ। ਗਤੀਵਿਧੀਆਂ ਤੁਹਾਡੇ ਅਤੇ ਤੁਹਾਡੇ ਬੱਚੇ ਦੇ ਮਨੋਰੰਜਨ ਲਈ ਅਤੇ ਸਕੂਲ ਵਿੱਚ ਉਨ੍ਹਾਂ ਦੀ ਵਧੀਆ ਸ਼ੁਰੂਆਤ ਕਰਨ ਲਈ ਮਦਦ ਵਜੋਂ ਤਿਆਰ ਕੀਤੀਆਂ ਗਈਆਂ ਹਨ।

ਆਪਣੇ ਬੱਚੇ ਨੂੰ ਕੰਮਾਂ ਵਿੱਚ ਹਿਸਾ ਲੈਣ ਅਤੇ ਉਹਨਾਂ ਦੀਆਂ ਵਿਅਕਤੀਗਤ ਪ੍ਰਤੀਕਿਰਿਆਵਾਂ ਦਾ ਸਮਰਥਨ ਕਰਨ ਲਈ ਉਤਸ਼ਾਹਿਤ ਕਰੋ।

# ਸਮੱਗਰੀ


**ਸਾਖਰਤਾ** **4**

ਬੋਲਣਾ ਅਤੇ ਸੁਣਨਾ 5

ਪੜ੍ਹਾਈ 10

ਚਿਤਰਕਾਰੀ ਅਤੇ ਲਿਖਾਈ 16

**ਅੰਕ** **21**

ਨੰਬਰ ਅਤੇ ਗਿ ਣਨਾ 22

ਜੋੜਨਾਂ ਅਤੇ ਘਟਾਉਣਾ 28

ਪੈਟਰਨਾ ਦੀ ਪਹਿਚਾਣ ਕਰਨਾ ਅਤੇ ਬਣਾਉਣਾ 32

# ਸਾਖਰਤਾ

## ਤੁਹਾਡੇ ਬੱਚੇ ਦੀਆਂ ਸਾਖਰਤਾ ਕੁਸ਼ਲਤਾਵਾਂ ਨੂੰ ਵਿਕਸਤ ਕਰਨ ਵਿੱਚ ਸਹਾਇਤਾ ਕਰਨੀ

**ਸਾਖਰਤਾ ਵਿੱਚ ਸੁਣਨ, ਬੋਲਣ, ਪੜ੍ਹਨ, ਲਿਖਣ ਅਤੇ ਸ਼ਬਦ-ਜੋੜ (spelling) ਸ਼ਾਮਲ ਹੁੰਦੇ ਹਨ। ਇਹ ਵਿਚਾਰਾਂ ਅਤੇ ਭਾਵਨਾਵਾਂ, ਇਹ ਖਿਆਲਾਂ ਅਤੇ ਵਿਚਾਰਾਂ ਨੂੰ ਸੰਚਾਰਿਤ ਕਰਨ ਅਤੇ ਬੋਲਣ ਵਾਲੇ ਅਤੇ ਲਿਖਤੀ ਸੰਦੇਸ਼ਾਂ ਤੋਂ ਅਰਥ ਬਣਾਉਣ ਦੀ ਸਮਰੱਥਾ ਹੁੰਦੀ ਹੈ।**



# ਬੋਲਣਾ ਅਤੇ ਸੁਣਨਾ

ਬੋਲਣ ਅਤੇ ਸੁਣਨ ਦੇ ਹੁਨਰ ਸਕੂਲ ਵਿੱਚ ਤੁਹਾਡੇ ਬੱਚੇ ਦੀ ਸਿਖਲਾਈ ਦੀ ਬੁਨਿਆਦ ਬਣਾਉਂਦੇ ਹਨ। ਇਹ ਹੁਨਰ ਬੱਚੇ ਨੂੰ ਦੂਜਿਆ ਨਾਲ ਗੱਲਬਾਤ ਕਰਨ, ਦੋਸਤੀਆਂ ਬਣਾਉਣ ਅਤੇ ਸਕੂਲ ਦੀਆਂ ਸਰਗਰਮੀਆਂ ਵਿੱਚ ਹਿਸਾ ਲੈਣ ਵਿੱਚ ਮਦਦ ਕਰਦੇ ਹਨ।

ਜੇ ਤੁਸੀਂ ਘਰ ਵਿੱਚ ਅੰਗ੍ਰੇਜ਼ੀ ਤੋਂ ਇਲਾਵਾ ਕੋਈ ਹੋਰ ਭਾਸ਼ਾ ਬੋਲਦੇ ਹੋ ਤਾਂ ਇਹ ਮਹੱਤਵਪੂਰਣ ਹੈ ਕਿ ਤੁਸੀਂ ਆਪਣੇ ਬੱਚੇ ਨੂੰ ਆਪਣੀ ਘਰ ਵਿੱਚ ਬੋਲਣ ਵਾਲੀ ਭਾਸ਼ਾ ਦੀ ਵਰਤੋਂ ਕਰਨ ਵਿੱਚ ਸਹਾਇਤਾ ਕਰੋ।.

# ਆਪਣੇ ਬੱਚੇ ਨਾਲ ਬੋਲਣਾ


- **ਆਪਣੇ ਬੱਚੇ ਨਾਲ** ਬਹੁਤ ਸਾਰੇ ਵਿਸ਼ਿਆ ਬਾਰੇ **ਗੱਲ ਕਰੋ**, ਉਦਾਹਰਣ ਲਈ ਉਨ੍ਹਾਂ ਵਿਸ਼ਿਆਂ ਬਾਰੇ ਜੋ ਹਰ ਰੋਜ਼ ਵਾਪਰਦੇ ਹਨ।
- **ਕਹਾਣੀਆਂ ਸਾਂਝੀਆਂ ਕਰੋ** ਆਪਣੇ ਸਭਿਆਚਾਰ ਵਿੱਚੋਂ, ਤੁਹਾਡੀਆਂ ਆਪਣੀਆਂ ਅਤੇ ਤੁਹਾਡੇ ਬੱਚਿਆਂ ਦੀਆਂ ਕਹਾਣੀਆਂ।
- **ਚੀਜ਼ਾਂ ਬਾਰੇ ਗੱਲ ਜਾਂ ਵਰਣਨ** ਜਿਵੇਂ ਉਹ ਵਾਪਰ ਰਹੀਆਂ ਹਨ, ਉਦਾਹਰਣ ਵਜੋਂ, "ਅਸੀਂ ਅੱਜ ਤੁਰ ਕੇ ਸਕੂਲ ਜਾਵਾਂਗੇ ਅਤੇ ਪਾਰਕ ਵਿੱਚੋਂ ਦੀ ਲੰਘਾਂਗੇ।"
- **ਆਪਣੇ ਬੱਚੇ ਦੀ ਗੱਲ ਸੁਣੋ ਅਤੇ ਉਨ੍ਹਾਂ ਨੂੰ ਵਾਰੀ ਲੈਣ ਲਈ ਉਤਸ਼ਾਹਿਤ ਕਰੋ।** ਗੱਲਬਾਤ ਸੁਣਨ ਅਤੇ ਗਲਬਾਤ ਸਮੇਂ ਦਖਲ ਦੇਣ (interact) ਕਰਨ ਦੇ ਤਰੀਕੇ ਦਿਖਾਓ।
- ਜਦੋਂ ਕੋਈ ਗੱਲਬਾਤ ਸ਼ੁਰੂ ਕਰਨ ਸਮੇਂ ਜਾਂ ਜਦੋਂ ਤੁਹਾਡੇ ਬੱਚੇ ਨਾਲ ਗੱਲ ਕਰਦੇ ਹੋ ਤਾਂ ਉਹ **ਪ੍ਰਸ਼ਨ ਪੁਛੋ** ਜਿਸ ਲਈ ਸਿਰਫ ਹਾਂ ਜਾਂ ਕਿਸੇ ਜਵਾਬ ਦੀ ਜ਼ਰੂਰਤ ਨਹੀਂ ਹੁੰਦੀ। ਉਦਾਹਰਣ ਵਜੋਂ, "ਤੁਸੀਂ ਅੱਜ ਸਕੂਲ ਵਿੱਚ ਕੀ ਕੀਤਾ?"
- ਉਹ ਪ੍ਰਸ਼ਨ ਵਰਤੋ ਜੋ **ਕਿਵੇਂ ਜਾਂ ਕਿਉਂ ਨਾਲ ਸ਼ੁਰੂ ਹੁੰਦੇ ਹਨ।** ਉਦਾਹਰਣ ਵਜੋਂ, "ਤੁਹਾਨੂੰ ਪਾਰਕ ਵਿੱਚ ਕਿਨ੍ਹੇਂ ਪੰਛੀ ਦਿੱਸਦੇ ਹਨ?"
- ਪ੍ਰਸ਼ਨ ਪੁਛਣ ਸਮੇਂ **ਤੁਹਾਡੇ ਬੱਚੇ ਨੂੰ ਜਵਾਬ ਦੇਣ ਲਈ ਸਮਾਂ ਦਿਓ।**
- **ਗਲਬਾਤ ਨੂੰ ਮਜ਼ੇਦਾਰ ਬਣਾਓ।** ਅਜੀਬ ਕਹਾਣੀਆਂ ਬਣਾਓ, ਆਪਣੇ ਬੱਚੇ ਨਾਲ ਗੱਲਾਂ ਕਰੋ ਅਤੇ ਗਾਓ।


# ਇੱਕ ਸੁਨੇਹਾ ਸਾਂਝਾ ਕਰਨਾ


- **ਇੱਕ ਕਹਾਣੀ ਦੁਬਾਰਾ ਸੁਣਾਓ**। ਉਸ ਬਾਰੇ ਗੱਲ ਕਰੋ ਜੋ ਕਹਾਣੀ ਦੇ ਆਰੰਭ, ਮੱਧ ਅਤੇ ਅੰਤ ਵਿੱਚ ਹੋਇਆ।
- ਪੜ੍ਹਨ ਬਾਅਦ, **ਪਾਤਰਾਂ ਬਾਰੇ ਗੱਲ ਕਰੋ** ਜਾਂ ਤੁਹਾਡੇ ਬੱਚੇ ਲਈ ਕਿਤਾਬ ਦੇ ਮਨਪਸੰਦ ਹਿਸੇ ਬਾਰੇ ਗੱਲ ਕਰੋ।
- **ਵਿਚਾਰ ਸਾਂਝੇ ਕਰੋ** ਕਿ ਕਿਸੇ ਸਮਾਗਮ 'ਤੇ ਜਾਣ ਸਮੇਂ ਜਾਂ ਸਕੂਲ ਜਾਣ ਸਮੇਂ ਕੀ ਹੋ ਸਕਦਾ ਹੈ। ਸਮਾਗਮ ਤੋਂ ਬਾਅਦ, ਜੋ ਹੋਇਆ ਉਸ ਬਾਰੇ ਗੱਲ ਕਰੋ ਅਤੇ ਉਨ੍ਹਾਂ ਨੂੰ ਆਪਣੇ ਵਿਚਾਰ ਅਤੇ ਭਾਵਨਾਵਾਂ ਸਾਂਝੀਆਂ ਕਰਨ ਲਈ ਕਹੋ।
- ਆਪਣੇ ਬੱਚੇ ਦੀ ਕਲਪਨਾ ਤੋਂ **ਉਨ੍ਹਾਂ ਦੀ ਆਪਣੀ ਕਹਾਣੀ ਬਣਾਉਣ** ਵਿੱਚ ਸਹਾਇਤਾ ਕਰੋ। ਪ੍ਰਸ਼ਨ ਪੁਛੋ ਜਿਵੇਂ ਕਿ, "ਕਹਾਣੀ ਕਿਸ ਬਾਰੇ ਹੈ?" "ਕਹਾਣੀ ਵਿੱਚ ਕੌਣ ਹੈ?" "ਕਹਾਣੀ ਵਿੱਚ ਕੀ ਹੁੰਦਾ ਹੈ?"
- **ਆਪਣੇ ਬੱਚੇ ਨੂੰ ਉਨ੍ਹਾਂ ਦਾ ਪੂਰਾ ਨਾਮ**, ਪਤਾ, ਉਮਰ, ਜਨਮ ਦਿਨ ਅਤੇ ਫੋਨ ਨੰਬਰ ਸਿਖਾਓ।
- ਸਕੂਲ ਤੋਂ ਬਾਅਦ ਤੁਹਾਡੇ ਬੱਚੇ ਨੂੰ ਪੁਛੋ ਕਿ ਉਨ੍ਹਾਂ ਦਾ ਦਿਨ ਕਿਵੇਂ ਸੀ ਅਤੇ **ਵਧੇਰੇ ਜਾਣਕਾਰੀ ਲਈ ਪੁਛੋ**, ਉਦਾਹਰਣ ਵਜੋਂ, "ਤੁਸੀਂ ਅਜਿਹਾ ਕਿਉਂ ਮਹਿਸੂਸ ਕੀਤਾ?"





# ਤੁਹਾਡੇ ਬੱਚੇ ਦੀ ਅੰਗ੍ਰੇਜ਼ੀ ਵਿੱਚ ਗੱਲਬਾਤ ਅਤੇ ਸ਼ਬਦ ਬਣਾਉਣ ਦੇ ਹੁਨਰਾਂ ਲਈ ਕਿਤਾਬਾਂ




# ਸ਼ਬਦ ਨਿਰਮਾਣ

- ਗੱਲ ਕਰਨ ਸਮੇਂ **ਵਰਣਨਾਤਮਕ ਸ਼ਬਦਾਂ ਦੀ ਵਰਤੋਂ ਕਰੋ**। ਜੇ ਤੁਹਾਡਾ ਬੱਚਾ ਕਹੇ, "ਇੱਥੇ ਇੱਕ ਕੁੱਤਾ ਹੈ"।ਇੱਕ ਵੇਰਵਾ ਸ਼ਾਮਲ ਕਰੋ ਜਿਵੇਂ ਕਿ, "ਇਹ ਇੱਕ ਛੋਟਾ ਜਿਹਾ, ਜੱਤ ਵਾਲਾ ਚਿੱਟਾ ਕੁੱਤਾ ਹੈ।"
- ਆਪਣੇ ਬੱਚੇ ਨੂੰ **ਨਵੇਂ ਸ਼ਬਦ ਸਿਖਾ ਕੇ** ਉਨ੍ਹਾਂ ਦੀ ਭਾਸ਼ਾ ਦੀ ਉਸਾਰੀ ਕਰੋ।
- ਆਪਣੇ ਬੱਚੇ ਨਾਲ ਪੜ੍ਹਨ ਵੇਲੇ ਕਿਤਾਬਾਂ ਵਿੱਚ ਵਰਤੇ ਜਾਣ ਵਾਲੇ **ਸ਼ਬਦਾਂ ਬਾਰੇ ਗੱਲ ਕਰੋ**। ਸ਼ਬਦਾਂ ਦੇ ਅਰਥਾਂ ਬਾਰੇ ਇਕੱਠੇ ਵਿਚਾਰ ਕਰੋ। ਤੁਸੀਂ ਸ਼ਾਇਦ ਨਵੇਂ, ਦਿਲਚਸਪ ਸ਼ਬਦਾਂ ਨੂੰ ਲੱਭਣ ਬਾਰੇ ਵੀ ਗੱਲ ਕਰ ਸਕਦੇ ਹੋ।
- ਇੱਕ ਵਾਕ ਵਿੱਚ ਨਵੇਂ ਸ਼ਬਦਾਂ ਦੀ ਵਰਤੋਂ ਕਰਨ ਦਾ **ਅਭਿਆਸ ਕਰੋ**।
- ਘਰ ਦੇ ਆਸ ਪਾਸ ਦੀਆਂ ਚੀਜ਼ਾਂ ਲਈ **ਲੇਬਲ ਬਣਾਓ**।



# ਪੜ੍ਹਾਈ

ਬੱਚੇ (ਦੂਜਿਆਂ ਵਲੋਂ) ਪੜ੍ਹੇ ਜਾਣ, ਦੂਜਿਆਂ ਨਾਲ ਪੜ੍ਹਨ ਅਤੇ ਆਪਣੇ ਆਪ ਪੜ੍ਹਨ ਤੋਂ ਪੜ੍ਹਨਾ ਸਿੱਖਦੇ ਹਨ।


ਹਰ ਰੋਜ਼ ਇਕੱਠੇ ਪੜ੍ਹਦੇ ਹੋਏ ਆਨੰਦ ਮਾਣੋ। ਕੁੱਝ ਮੌਕਿਆਂ ਦੀ ਭਾਲ ਕਰੋ ਜਿਵੇਂ ਕਿ ਜਦੋਂ ਤੁਸੀਂ ਸਕੂਲ ਨੂੰ ਤੁਰ ਕੇ ਜਾ ਰਹੇ ਹੋ, ਜਾਂ ਕਿਤਾਬਾਂ ਦੀ ਦੁਕਾਨ ਨੂੰ, ਲਾਇਬ੍ਰੇਰੀ ਅਤੇ ਸੁਪਰਮਾਰਕੀਟ ਨੂੰ।


ਕਹਾਣੀਆਂ ਬਾਰੇ ਗੱਲਬਾਤ ਕਰੋ, ਵਰਤੀ ਗਈ ਭਾਸ਼ਾ ਬਾਰੇ, ਅਤੇ ਸ਼ਬਦਾਂ ਵਿੱਚ ਅੱਖਰਾਂ ਦੀਆਂ ਅਵਾਜ਼ਾਂ ਬਾਰੇ। ਘਰ ਵਿੱਚ ਵਰਤੀ ਜਾਣ ਵਾਲੀ ਭਾਸ਼ਾ ਵਿੱਚ ਕਿਤਾਬਾਂ ਪੜ੍ਹੋ।


# ਆਪਣ ਬੱਚੇ ਨਾਲ ਰੋਜ਼ਾਨਾ ਪੜ੍ਹੋ


- **ਪੜ੍ਹਨ ਨੂੰ ਮਜ਼ੇਦਾਰ** ਅਤੇ ਦਿਲਚਸਪ **ਬਣਾਓ**। ਬੱਚੇ ਦੂਜਿਆਂ ਨੂੰ ਵੇਖ ਕੇ, ਨਕਲ ਕਰਕੇ ਅਤੇ ਉਹਨਾਂ ਨਾਲ ਗੱਲਬਾਤ ਕਰਕੇ ਪੜ੍ਹਨਾ ਸਿੱਖਦੇ ਹਨ।
- **ਤੁਹਾਡੇ ਬੱਚੇ ਨੂੰ ਉਹ ਕਿਤਾਬਾਂ ਚੁਣਨ ਅਤੇ ਉਨ੍ਹਾਂ ਨੂੰ ਦੁਬਾਰਾ ਪੜ੍ਹਨ ਲਈ ਦਿਓ** ਜਿਨ੍ਹਾਂ ਵਿੱਚ ਉਨ੍ਹਾਂ ਦੀ ਦਿਲਚਸਪੀ ਹੈ।
- ਪੜ੍ਹਨਾ ਸ਼ੁਰੂ ਕਰਨ ਤੋਂ ਪਹਿਲਾਂ **ਕਿਤਾਬ ਬਾਰੇ ਗੱਲ ਕਰੋ**। ਸਿਰਲੇਖ ਅਤੇ ਕਹਾਣੀ ਵਿੱਚ ਕੀ ਹੋ ਸਕਦਾ ਹੈ ਬਾਰੇ ਗੱਲ ਕਰੋ।
- **ਤਸਵੀਰਾਂ ਬਾਰੇ ਵਿਚਾਰ ਕਰੋ** ਅਤੇ ਉਹ ਕਿਵੇਂ ਕਹਾਣੀ ਨੂੰ ਜੋੜਦੀਆਂ ਹਨ।
- ਪੜ੍ਹਦਿਆਂ ਹੋਇਆਂ **ਆਪਣੇ ਬੱਚੇ ਨੂੰ ਕਹਾਣੀ ਬਾਰੇ ਸਵਾਲ ਪੁਛੋ** ਜਿਵੇਂ ਕਿ, "ਤੁਹਾਡਾ ਕੀ ਖਿਆਲ ਹੈ ਕਿ ਬਾਅਦ ਵਿੱਚ ਕੀ ਹੋਵੇਗਾ?" "ਤੁਹਾਡਾ ਇਹ ਖਿਆਲ ਕਿਉਂ ਹੈ?"
- ਪੜ੍ਹਨ ਤੋਂ ਬਾਅਦ **ਕਹਾਣੀ ਬਾਰੇ ਗੱਲ ਕਰੋ**। ਸਵਾਲ ਪੁਛੋ ਜਿਵੇਂ ਕਿ, "ਕਹਾਣੀ ਦਾ ਕਿਹੜਾ ਹਿਸਾ ਤੁਹਾਨੂੰ ਬਿਹਤਰ ਲੱਗਾ?" ਜਾਂ "ਕਹਾਣੀ ਵਿੱਚ ਕੀ ਦਿਲਚਸਪ, ਹਸਾਉਣੀ (ਗੱਲ) ਜਾਂ ਉਦਾਸੀ ਭਰਪੂਰ ਸੀ?"
- ਆਪਣੇ ਬੱਚੇ ਅਤੇ ਉਨ੍ਹਾਂ ਦੇ ਭਰਾਵਾਂ, ਭੈਣਾਂ ਜਾਂ ਦੋਸਤਾਂ ਨਾਲ ਉਨ੍ਹਾਂ ਦੀਆਂ ਮਨਪਸੰਦ **ਕਹਾਣੀਆਂ ਪੜ੍ਹਨ ਲਈ ਵਾਰੀਆਂ ਲਓ**।
- **ਪੜ੍ਹਨ ਦੀ ਕਈ ਕਿਸਮਾਂ ਦੀ ਸਮੱਗਰੀ ਦੀ ਚੋਣ ਕਰੋ** ਜਿਵੇਂ ਅਖਬਾਰਾਂ, ਰਸਾਲੇ, ਪੋਸਟਰ, ਗਲੀਆਂ ਦੇ ਨਾਮ, ਖਾਣਾ ਪਕਾਉਣ ਦੇ ਨੁਸਖੇ (recipes) ਅਤੇ ਖਰੀਦਦਾਰੀ ਸੂਚੀਆਂ।


# ਤੁਕਾਂਤਾਂ ਵਾਲੀਆਂ ਅੰਗ੍ਰੇਜ਼ੀ ਦੀਆਂ ਕਿਤਾਬਾਂ















# ਪੜ੍ਹਨ, ਭਾਸ਼ਾ ਅਤੇ ਸ਼ਬਦਾਂ ਨਾਲ ਮਨਪਰਚਾਵਾ ਕਰਨਾ

- **ਅੰਗ੍ਰੇਜ਼ੀ ਵਿੱਚ ਉਨ੍ਹਾਂ ਕਿਤਾਬਾਂ ਦੀ ਚੋਣ ਕਰੋ ਜਿਨ੍ਹਾਂ ਵਿੱਚ ਤੁਕਾਂਤ** ਜਾਂ ਬੁਝਾਰਤਾਂ ਹਨ।
- **ਤੁਕਬੰਦੀ ਵਾਲੇ ਸ਼ਬਦਾਂ ਬਾਰੇ ਗੱਲ ਕਰੋ।** Cat, hat, sat, bat ਸ਼ਬਦ ਉਹ ਸਾਰੀਆਂ ਉਦਾਹਰਣਾਂ ਹਨ ਜੋ ਅੰਗ੍ਰੇਜ਼ੀ ਵਿੱਚ ਤੁਕਾਂਤ ਹਨ ਕਿਉਂਕਿ ਅੰਤ ਵਿੱਚ ਉਨ੍ਹਾਂ ਸਾਰਿਆਂ ਦੀ ਇੱਕੋ ਅਵਾਜ਼ ਆਉਂਦੀ ਹੈ।
- **ਤੁਕਬੰਦੀ ਵਾਲੇ ਸ਼ਬਦਾਂ ਨਾਲ ਖੇਡੋ** ਅਤੇ ਅੰਗ੍ਰੇਜ਼ੀ ਵਿੱਚ ਤੁਕਾਂਤਾਂ ਵਾਲੀਆਂ ਖੇਡਾਂ ਖੇਡੋ। ਤੁਕਬੰਦੀ ਵਾਲੇ ਵਾਕ ਬਣਾਓ ਜਿਵੇਂ ਕਿ, “Have you ever seen a snail deliver the mail?”











# ਅੱਖਰਾਂ ਦੀਆਂ ਅਵਾਜ਼ਾਂ ਨਾਲ ਖੇਡੋ


- **ਅੱਖਰਾਂ ਦੀਆਂ ਅਵਾਜ਼ਾਂ ਨਾਲ ਮਨਪਰਚਾਵਾ ਕਰੋ।** ਉਨ੍ਹਾਂ ਅਵਾਜ਼ਾਂ ਨਾਲ ਸ਼ੁਰੂ ਹੁੰਦੇ ਸ਼ਬਦਾਂ ਦੀ ਵਰਤੋਂ ਕਰਦਿਆਂ ਕੁੱਝ ਮਖੌਲੀਏ ਵਾਕ ਬਣਾਓ।.
- ਜਦੋਂ ਤੁਸੀਂ ਆਪਣੇ ਬੱਚੇ ਨਾਲ ਪੜ੍ਹ ਰਹੇ ਹੁੰਦੇ ਹੋ, ਉਨ੍ਹਾਂ ਨੂੰ ਕਹੋ ਕਿ ਉਹ ਉਨ੍ਹਾਂ ਸ਼ਬਦਾਂ ਵੱਲ ਇਸ਼ਾਰਾ ਕਰਨ ਅਤੇ ਕਹਿਣ **ਲਈ ਕਹੋ** ਜਿਨ੍ਹਾਂ ਨੂੰ ਉਹ ਜਾਣਦੇ ਹਨ।
- **ਤੁਹਾਡੇ ਬੱਚੇ ਦੇ ਨਾਮ ਦੀ ਅਵਾਜ਼ ਨਾਲ ਖੇਡੋ।** ਪ੍ਰਸ਼ਨ ਪੁਛੋ ਜਿਵੇਂ ਕਿ ਤੁਹਾਡਾ ਨਾਮ ਕਿਸ ਅਵਾਜ਼ ਨਾਲ ਸ਼ੁਰੂ ਹੁੰਦਾ ਹੈ?"  "ਕੀ dad ਦੇ ਸ਼ੁਰੂ ਵਿੱਚ ਵੀ ਇਹੀ ਅਵਾਜ਼ ਹੈ?"

# ਅੰਗ੍ਰੇਜ਼ੀ ਵਿੱਚ ਅੱਖਰਾਂ ਬਾਰੇ ਕਿਤਾਬਾਂ









# ਚਿਤਰਕਾਰੀ ਅਤੇ ਲਿਖਾਈ

ਆਪਣੇ ਬੱਚੇ ਨੂੰ ਦਿਲਚਸਪ ਚੀਜਾਂ ਬਾਰੇ ਚਿਤਰ ਬਣਾਉਣ ਅਤੇ ਲਿਖਣ ਬਾਰੇ ਉਤਸ਼ਾਹਿਤ ਕਰੋ।

ਆਪਣੇ ਬੱਚੇ ਨੂੰ ਉਸ ਦਿਆਂ ਚਿਤਰਾਂ ਅਤੇ ਲਿਖਤ ਬਾਰੇ ਗੱਲ ਕਰਨ ਲਈ ਉਤਸ਼ਾਹਿਤ ਕਰੋ। ਉਨ੍ਹਾਂ ਦੀਆਂ ਕਹਾਣੀਆਂ ਅਤੇ ਉਨ੍ਹਾਂ ਨੇ ਕਿਸ ਤਰ੍ਹਾਂ ਉਨ੍ਹਾਂ ਦੀ ਚਿਤਰਕਾਰੀ ਜਾਂ ਲਿਖਾਈ ਕੀਤੀ ਹੈ ਵਿੱਚ ਦਿਲਚਸਪੀ ਵਿਖਾਓ।



# ਹਰ ਰੋਜ਼ ਲਿਖੋ

- **ਚਿਤਰਕਾਰੀ ਅਤੇ ਲਿਖਾਈ ਕਰਦਿਆਂ ਦਿਲਪਰਚਾਵਾ ਕਰੋ।** ਆਪਣੇ ਬੱਚੇ ਨੂੰ ਉਨ੍ਹਾਂ ਚੀਜਾਂ ਦੇ ਚਿਤਰ ਬਣਾਉਣ ਜਾਂ ਲਿਖਣ ਬਾਰੇ ਕਹੋ ਜਿਨ੍ਹਾ ਨੂੰ ਉਹ ਕਰਨਾ ਚਾਹੁੰਦੇ, ਬਣਾਉਂਣਾ ਜਾਂ ਖੇਡਣਾ ਚਾਹੁੰਦੇ ਹਨ।
- **ਆਪਣੇ ਬੱਚੇ ਨੂੰ ਉਨ੍ਹਾਂ ਦੀ ਲਿਖਤ ਬਾਰੇ ਗੱਲ ਕਰਨ ਲਈ ਕਹੋ।** ਇਹ ਉਨ੍ਹਾਂ ਵਲੋਂ ਵਾਹੀਆਂ ਲਕੀਰਾਂ, ਅੱਖਰਾਂ ਜਾਂ ਸ਼ਬਦਾਂ ਬਾਰੇ ਗੱਲ ਕਰਨੀ ਹੋ ਸਕਦੀ ਹੈ।
- ਪੈਟਰਨ (ਚਿਤਰ) ਬਣਾਉਣ ਅਤੇ ਲਿਖਣ ਲਈ **ਵੱਖ ਵੱਖ ਸਮੱਗਰੀਆਂ ਦੀ ਵਰਤੋਂ ਕਰੋ** ਜਿਵੇ ਚਾਕ, ਕਾਗਜ਼ ਅਤੇ ਪੈਨਸਲਾਂ, ਮਾਰਕਰ ਅਤੇ ਪੈਨ।
- ਆਪਣੇ ਬਚੇ ਨੂੰ **ਉਨ੍ਹਾਂ ਦਾ ਨਾਮ ਲਿਖਣ ਲਈ ਕਹੋ।** ਤੁਹਾਡਾ ਬੱਚਾ ਉਂਨ੍ਹਾਂ ਕਈ ਲੋਕਾਂ ਦੇ ਨਾਮ ਲਿਖਣ ਦੀ ਕੋਸ਼ਿਸ਼ ਵੀ ਕਰ ਸਕਦੇ ਹਨ ਜਿਹੜੇ ਉਨ੍ਹਾਂ ਲਈ ਮਹੱਤਵਪੂਰਣ ਹਨ।
- ਜਦੋਂ ਤੁਹਾਡਾ ਬੱਚਾ ਲਿੱਖਦਾ ਜਾਂ ਚਿਤਰਕਾਰੀ ਕਰਦਾ ਹੈ ਉਸ ਨਾਲ **ਚਿਤਰ ਅਤੇ ਅੱਖਰਾਂ ਦੀਆਂ ਅਵਾਜ਼ਾਂ ਬਾਰੇ ਗੱਲ ਕਰੋ** ਜਿਹੜੀਆਂ ਉਹ ਲਿੱਖਣ ਦੀ ਕੋਸ਼ਿਸ਼ ਕਰ ਰਿਹਾ/ਰਹੀ ਹੈ।
- **ਆਪਣੇ ਬੱਚੇ ਨੂੰ ਉਸ ਦੀ ਕਲਪਨਾ ਦੀ ਵਰਤੋਂ ਕਰਕੇ** ਕਹਾਣੀਆਂ ਪੈਦਾ ਕਰਨ ਲਈ ਉਤਸ਼ਾਹਿਤ ਕਰੋ। ਉਹ ਚਿਤਰ ਬਣਾ ਕੇ ਅਤੇ ਅੱਖਰ ਲਿੱਖ ਕੇ ਇੱਕ ਕਹਾਣੀ ਦੀ ਕਿਤਾਬ ਉਤਪਨ ਕਰ ਸਕਦੇ ਹਨ।
- ਆਪਣੇ ਬੱਚੇ ਨੂੰ ਉਨ੍ਹਾਂ ਦੀ **ਘਰ ਵਿੱਚ ਵਰਤੀ ਜਾਣ ਵਾਲੀ ਭਾਸ਼ਾ ਵਿੱਚ ਸੁਨੇਹੇ ਲਿੱਖਣ** ਲਈ ਸਮਰਥਨ ਦਿਓ।



# ਕਿਸੇ ਵਿਸ਼ੇ ਲਈ ਚਿਤਕਾਰੀ ਅਤੇ ਲਿਖਾਈ ਕਰਨੀ

- **ਆਪਣੇ ਬੱਚੇ ਨੂੰ ਉਤਸ਼ਾਹਿਤ ਕਰੋ ਕਿ ਉਹ ਇੱਕ** ਸ਼ਾਪਿੰਗ ਸੂਚੀ ਦਾ **ਚਿਤਰ ਬਣਾਏ ਜਾਂ ਲਿਖੇ,** ਜਾਂ ਆਪਣੇ ਪਰਿਵਾਰ ਦੇ ਚਹੇਤੇ ਵਿਅਕਤੀ, ਜਾਂ ਉਨ੍ਹਾਂ ਦੀ ਮਨਪਸੰਦ ਕਿਤਾਬ ਬਾਰੇ।
- **ਇੱਕ ਗੀਤ ਜਾਂ ਕਵਿਤਾ ਦਾ ਉਤਪੰਨ ਕਰੇ** ਅਤੇ ਅੱਖਰਾਂ ਨੂੰ ਲਿਖੇ ਜਾਂ ਉਸ ਗੀਤ ਜਾਂ ਕਵਿਤਾ ਨਾਲ ਮਿਲਦਾ ਇੱਕ ਚਿੱਤਰ ਬਣਾਓ।
- ਜਦੋਂ ਉਹ ਉਤਪੰਨ ਕਰ ਰਹੇ ਜਾਂ ਲਿੱਖ ਰਹੇ ਹੁੰਦੇ ਹਨ **ਆਪਣੇ ਬੱਚੇ ਨੂੰ ਉਸ** ਚਿੱਤਰ ਜਾਂ ਲਿੱਖਤ ਬਾਰੇ **ਵਰਣਨ ਕਰਨ** ਲਈ ਕਹੋ।
- ਉਨ੍ਹਾਂ ਨੂੰ ਆਪਣੇ ਕਿਸੇ ਦੋਸਤ ਜਾਂ ਪਰਿਵਾਰ ਦੇ ਕਿਸੇ ਮੈਂਬਰ ਨੂੰ ਕੋਈ ਰੌਚਕ, ਮਜਾਕੀ ਜਾਂ ਦਿਲਚਸਪ ਵਰਤਾਲਾਪ ਦੇ ਵਾਪਰਨ ਬਾਰੇ **ਇੱਕ ਚਿੱਠੀ ਲਿੱਖਣ** ਲਈ ਉਤਸ਼ਾਹਿਤ ਕਰੋ।
- **ਇੱਕ ਕਿਤਾਬਚਾ, ਜਰਨਲ ਜਾਂ ਡਾਇਰੀ ਰੱਖੋ** ਜਿਸ ਵਿੱਚ ਤੁਹਾਡਾ ਬੱਚਾ ਹਰ ਰੋਜ਼ ਲਿੱਖ ਜਾਂ ਚਿੱਤਰ ਸਕਦਾ ਹੈ।
- ਕਿਸੇ ਜਸ਼ਨ ਜਾਂ ਖਾਸ ਵਾਕਿਆ ਲਈ **ਇੱਕ ਕਾਰਡ ਜਾਂ ਨਿਮੰਤ੍ਰਣ ਬਣਾਓ।**



# ਸੁਨੇਹੀਆਂ ਬਾਰੇ ਗੱਲ ਕਰੋ

- ਆਪਣੇ ਬੱਚੇ ਨੂੰ **ਇੱਕ ਸੁਨੇਹਾ ਬਣਾਉਣ ਲਈ ਕਹੋ** ਜਿਹੜਾਂ ਉਹ ਭੇਜਣਾ ਚਾਹੁੰਦੇ ਹੋਣ। ਇਹ ਇੱਕ ਪੋਸਟਰ ਹੋ ਸਕਦਾ ਹੈ ਜਿਵੇਂ ਕਿ “ਕੁਤੇ ਤੋਂ ਬੱਚੋ”, ਜਾਂ ਆਪਣੇ ਅਧਿਆਪਕ ਨੂੰ ਇੱਕ ਚਿੱਠੀ ਕਿ ਉਹ ਕੀ ਕਰਨਾ ਚਾਹੁੰਦੇ ਹਨ।
- **ਰੋਜ਼ਾਨਾ ਵਰਤੇ ਜਾਣ ਵਾਲੇ ਸ਼ਬਦਾਂ ਦੀ ਵਰਤੋਂ ਕਰੋ** ਜਿਹੜੇ ਤੁਹਾਡੇ ਬੱਚੇ ਦੇ ਸੱਭਿਆਚਾਰ, ਤਜੱਰਬੇ ਅਤੇ ਰੁਚੀਆਂ ਦਾ ਹਿਸਾ ਹਨ।
- ਤੁਹਾਡੇ ਬੱਚੇ ਵਲੋਂ ਲਿਖੀਆਂ **ਕਹਾਣੀਆਂ ਜਾਂ ਚਿੱਠੀਆਂ** ਜਾਂ ਜਿਹੜੀਆਂ ਤੁਸੀਂ ਇਕੱਠਿਆ ਨੇ ਪੜ੍ਹੀਆਂ ਹਨ **ਬਾਰੇ ਗੱਲ ਕਰੋ।**
- ਗੱਲ ਕਰਨ ਸਮੇਂ, ਆਪਣੇ ਬੱਚੇ ਦਾ ਸਮਰਥਨ ਕਰੋ ਕਿ **ਉਹ ਪੂਰੇ ਵਾਕਾਂ ਵਿੱਚ ਗੱਲ ਕਰਦਿਆਂ ਕਈ ਤਰ੍ਹਾ ਦੇ ਸ਼ਬਦਾਂ ਦੀ ਵਰਤੋਂ ਕਰੇ।**






3
5
6

# ਅੰਕ

## ਤੁਹਾਡੇ ਬੱਚੇ ਦੀ ਗਿਣਤੀ ਦੇ ਹੁਨਰਾਂ ਨੂੰ ਵਿਕਸਤ ਕਰਨ ਵਿੱਚ ਸਹਾਇਤਾ ਕਰਨੀ

ਅੰਕ ਇਹ ਸਮਝਣ ਦੇ ਯੋਗ ਹੋਣ ਵਿੱਚ ਸ਼ਾਮਲ ਹਨ ਕਿ ਨੰਬਰ ਹਰ ਰੋਜ਼ ਦੀਆਂ ਸਥਿਤੀਆਂ ਵਿੱਚ ਕਿਵੇਂ ਕੰਮ ਕਰਦੇ ਹਨ।

ਅਸੀਂ ਨੰਬਰ ਰੋਜ਼ ਵੇਖਦੇ ਅਤੇ ਵਰਤਦੇ ਹਾਂ। ਪੜ੍ਹਨ ਸਮੇਂ ਸਫੇ 'ਤੇ ਨੰਬਰ ਹੁੰਦੇ ਹਨ, ਸ਼ਾਡੇ ਮਕਾਨ ਦਾ ਵੀ ਨੰਬਰ ਹੁੰਦਾ ਹੈ ਅਤੇ ਜਦੋਂ ਅਸੀਂ ਕੋਈ ਚੀਜ ਖਰੀਦਦੇ ਹਾਂ ਤਾਂ ਅਸੀਂ ਨੰਬਰ ਜੋੜਦੇ ਅਤੇ ਘਟਾਉਂਦੇ ਹਾਂ।

ਆਪਣੇ ਬੱਚੇ ਦਾ ਗਿਣਤੀ ਪ੍ਰਤੀ ਸਕਾਰਤਮਕ ਰਵੱਈਆ ਪੈਦਾ ਕਰਨ ਵਿੱਚ ਸਹਾਈ ਹੋਵੋ।

ਆਪਣੀ ਘਰ ਦੀ ਭਾਸ਼ਾ ਵਿੱਚ ਅੰਕਾਂ ਦੇ ਹੁਨਰ ਪੈਦਾ ਕਰਨੇ ਮਹੱਤਵਪੂਰਣ ਹੈ।



# ਨੰਬਰ ਅਤੇ ਗਿ ਣਨਾ

ਸ਼ੁਰੂਆਤੀ ਕੁਸ਼ਲਤਾ ਜੋ ਬੱਚੇ ਵਿਕਸਤ ਕਰਦੇ ਹਨ ਗਿਣਤੀ ਹੁੰਦੀ ਹੈ। ਜਿਸ ਵਿੱਚ ਸ਼ਾਮਲ ਹਨ:

- ਨੰਬਰਾਂ ਨੂੰ ਪੁਕਾਰ ਕੇ ਠੀਕ ਤਰ੍ਹਾਂ ਤਰਤੀਬ ਨਾਲ ਦੁਬਾਰਾ ਗਿਣਨਾ
- ਵਸਤੂਆਂ ਨਾਲ ਨੰਬਰਾਂ ਦਾ ਮੇਲ ਕਰਨਾ
- ਇਹ ਜਾਣਨਾ ਕਿ ਆਖਰੀ ਗਿਣੇ ਨੰਬਰ ਦਾ ਪੂਰਨ ਵਸਤੂਆਂ ਦਾ ਜੋੜ ਹੁੰਦਾ ਹੈ।

## ਵਰਤੇ ਜਾਣ ਵਾਲੇ ਅੱਖਰ

- ਅਗਾਂਹ ਨੂੰ ਗਿਣੋ, ਪਿਛਾਂਹ ਨੂੰ ਗਿਣੋ
- ਅੱਗੇ ਵਾਲਾ ਨੰਬਰ, ਬਾਅਦ ਵਾਲਾ ਨੰਬਰ
- ਵਧੇਰੇ, ਉਸ ਤੋਂ ਘੱਟ
- ਇਸ ਦੇ ਬਰਾਬਰ ਹੁੰਦਾ ਹੈ।

## ਅੰਗ੍ਰੇਜ਼ੀ ਵਿੱਚ ਨੰਬਰ

0 zero

1 one

2 two

3 three

4 four

5 five

6 six

7 seven

8 eight

9 nine

10 ten



# ਨੰਬਰਾਂ ਬਾਰੇ ਸਿੱਖਣ ਲਈ ਉਤਸ਼ਾਹਿਤ ਕਰਨ ਵਾਲੀਆਂ ਗਤੀਵਿਧੀਆਂ

- ਤੁਹਾਡੇ ਬੱਚੇ ਨੂੰ ਨੰਬਰਾਂ ਅਤੇ ਰਕਮਾਂ ਨੂੰ ਪਹਿਚਾਣਨ ਵਿੱਚ ਸਹਾਇਤਾ ਕਰਨ ਲਈ **ਨੰਬਰਾਂ ਅਤੇ ਬਿੰਦੀਆਂ ਵਾਲੀਆਂ ਡਾਈਸਾਂ ਦੀ ਵਰਤੋਂ ਕਰੋ**। ਆਪਣੇ ਬੱਚੇ ਨੂੰ ਪੁਛੋ, “ਡਾਈਸ ਉਪਰ ਕਿਨ੍ਹੀਆਂ ਬਿੰਦੀਆਂ ਹਨ?”

- ਡਾਈਸ ਅਤੇ ਗਿਣਤੀ ਕਰਨ ਵਾਲੀਆਂ **ਬੋਰਡ ਖੇਡਾਂ ਇਕੱਠੇ ਖੇਡੋ**।


- **ਪੜ੍ਹ ਕੇ ਕਹਾਣੀਆਂ ਸਾਂਝੀਆਂ ਕਰੋ**। ਗਿਣਤੀ, ਰਕਮਾਂ, ਅਤੇ ਕਿਤਾਬ ਵਿੱਚ ਦਿੱਸ ਰਹੇ ਨੰਬਰਾਂ ਬਾਰੇ ਗੱਲ ਕਰੋ, ਜਿਸ ਵਿੱਚ ਸਫੇ ਦੇ ਨੰਬਰ ਵੀ ਸ਼ਾਮਲ ਹਨ।

- **ਸੈਰ ਕਰਨ ਵੇਲੇ ਆਪਣੇ ਬੱਚੇ ਨੂੰ ਨੰਬਰ ਲੱਭਣ ਲਈ ਕਹੋ**। ਆਪਣੇ ਬੱਚੇ ਨੂੰ ਪੁਛੋ, “ਤੁਸੀਂ ਕਿਹੜੇ ਨੰਬਰ ਵੇਖ ਸਕਦੇ ਹੋ?” ਮਕਾਨਾਂ ਦੇ ਨੰਬਰਾਂ, ਕਾਰਾਂ ਦੀਆਂ ਪਲੇਟਾਂ ਦੇ ਨੰਬਰਾਂ ਅਤੇ ਗਲੀਆਂ ‘ਤੇ ਲਿਖੇ ਨੰਬਰਾਂ ਬਾਰੇ ਗੱਲ ਕਰੋ।


- ਰੋਜ਼ਾਨਾ ਵਰਤੋਂ ਵਿੱਚ ਅਉਣ ਵਾਲੀਆਂ ਵਸਤਾਂ ਜਿਵੇਂ ਘੜੀਆਂ ਅਤੇ ਫੋਨਾਂ ਦੇ **ਨੰਬਰਾਂ ਬਾਰੇ ਗੱਲ ਕਰੋ**। ਆਪਣੇ ਬੱਚੇ ਦੀ ਸਹਾਇਤਾ ਕਰਨ ਲਈ ਸਹਾਇਕ ਹੋਣ ਵਾਲੇ ਨੰਬਰਾਂ ਦੀ ਯਾਦ ਕਰਵਾਓ।

# ਚੀਜਾਂ ਜਾਂ ਬਿੰਦੀਆਂ ਦੀ ਗਿਣਤੀ ਨੂੰ ਪਹਿਚਾਣਨਾ


## ਬਿੰਦੀਆਂ ਵਾਲੇ ਡਾਈਸ ਦੇ ਪੈਟਰਨ



## ਬਿੰਦੀਆਂ ਵਾਲੇ ਪੈਟਰਨ




## ਬਿੰਦੀਆਂ ਦੇ ਪੈਟਰਨਜ਼ ਵਾਲੇ ਡੌਮੀਨੋ (Domino)



## ਆਪਣੇ ਬੱਚੇ ਨਾਲ ਗਿਣਨਾ


- **ਘਰ ਵਿੱਚ ਕੰਮ ਕਰਨ ਸਮੇਂ ਗਿਣੋ।** ਸਧਾਰਨ ਪਕਵਾਨ ਇਕੱਠੇ ਪਕਾਓ ਅਤੇ ਆਪਣੇ ਬੱਚੇ ਨੂੰ ਸਮੱਗਰੀ ਗਿਣਨ ਲਈ ਕਹੋ।
- **ਆਪਣੇ ਬੱਚੇ** ਨੂੰ ਪਰਿਵਾਰਕ **ਖਾਣੇ ਵਾਲਾ ਮੇਜ਼ ਸੈਟ ਕਰਨ ਵਿੱਚ ਮਦਦ ਕਰਨ ਲਈ ਉਤਸ਼ਾਹਿਤ ਕਰੋ।** ਉਨ੍ਹਾਂ ਨੂੰ ਲੋਕਾਂ ਦੀ ਅਤੇ ਗਿਣਤੀ ਕਰਨ ਲਈ ਕਹੋ, ਅਤੇ ਉਸ ਮੇਜ਼ ਲਈ ਲੋੜੀਂਦੀਆਂ ਪਲੇਟਾਂ, ਕੱਪ, ਕਾਂਟੇ ਅਤੇ ਚਮਚ ਤਿਆਰ ਕਰਨ ਲਈ ਕਹੋ।
- **ਆਪਣੇ ਬੱਚੇ ਨਾਲ ਗਿਣੋ** ਕਿ ਉਨ੍ਹਾਂ ਦੀ ਸਕੂਲ ਦੀ ਕਮੀਜ਼ ਦੇ ਬੰਦ ਕਰਨ ਵਾਲੇ ਬਟਨ ਕਿਨੇ ਹਨ।
- ਆਪਣੇ ਬੱਚੇ ਨੂੰ ਕਹੋ ਕਿ ਉਹ **ਗਿਣੇ** ਕਿ ਉਸ ਦੇ ਲੰਚ ਬਾਕਸ ਵਿੱਚ **ਕਿਨ੍ਹੀਆਂ ਚੀਜਾਂ ਹਨ।**
- **ਅਗਾਂਹ ਨੂੰ ਗਿਣੋ।** ਰੋਜ਼ਾਨਾ ਵਰਤੋਂ ਵਾਲੀਆਂ ਚੀਜਾਂ ਜਿਵੇ ਕਾਰਾਂ, ਮਕਾਨ, ਜੁਤੀਆਂ ਅਤੇ ਬੈਗ ਗਿਣੋ।
- **ਪਿਛਾਹ ਨੂੰ ਗਿਣੋ।** (ਪੌੜੀਆਂ ਤੋਂ) ਹੇਠਾਂ ਨੂੰ ਜਾਣਾ ਫਿਰ ਉਤਾਂਹ ਨੂੰ। 10, 9, 8 ....

## ਅੰਗਰੇਜ਼ੀ ਵਿੱਚ ਗਿਣਤੀ ਬਾਰੇ ਗੀਤ

- Here is the Beehive
- Five Little Ducks
- The Ants Go Marching
- One, Two, Buckle My Shoe
- Five Cheeky Monkeys Jumping on the Bed
- Ten Green Bottles




# ਅੰਗ੍ਰੇਜ਼ੀ ਵਿੱਚ ਨੰਬਰਾਂ ਅਤੇ ਗਿਣਤੀ ਬਾਰੇ ਕਿਤਾਬਾਂ

















# ਜੋੜਨਾਂ ਅਤੇ ਘਟਾਉਣਾ


ਛੋਟੇ ਬੱਚਿਆਂ ਨੂੰ ਜੋੜਨ ਅਤੇ ਘਟਾਉਣ ਦੀ ਭਾਵਨਾ ਪੈਦਾ ਕਰਨ ਦੀ ਜ਼ਰੂਰਤ ਹੈ। ਇਸ ਵਿੱਚ ਦੋ ਜਾਂ ਦੋ ਤੋਂ ਵੱਧ ਵਸਤੂਆਂ ਨੂੰ ਜੋੜਨਾ ਅਤੇ ਇਨ੍ਹਾਂ ਵਸਤੂਆਂ ਨੂੰ ਘਟਾਉਣਾ ਅਤੇ ਵੱਖ ਵੱਖ ਕਰਨਾ ਸ਼ਾਮਲ ਹੈ।

## ਵਰਤਣ ਵਾਲੇ ਅੱਖਰ

- ਨਾਲ ਜੋੜਦਾ ਹੈ, ਜੋੜਦਾ ਹੈ, ਬਣਾਉਂਦਾ ਹੈ
- ਉਸ ਨਾਲੋਂ ਘੱਟ, ਉਸ ਨਾਲੋਂ ਵੱਧ
- ਸਾਰੇ ਇਕੱਠੇ
- ਕੱਢ ਦਿਓ
- ਹੋਰ ਕਿੰਨੇ

# ਗਤੀਵਿਧੀਆਂ ਜੋ ਜੋੜਨ ਲਈ ਉਤਸ਼ਾਹਿਤ ਕਰਦੀਆਂ ਹਨ

- **ਰੋਜ਼ਾਨਾਂ ਦੀਆਂ ਚੀਜਾਂ ਦਾ ਜੋੜ ਕਰੋ**, ਖਿਡੌਣੇ, ਫਲ,ਕਿਤਾਬਾਂ ਸ਼ਾਮਲ ਕਰੋ। ਬੱਚੇ ਜੋੜਨ ਲਈ ਆਪਣੀਆਂ ਉਂਗਲਾਂ ਦੀ ਵਰਤੋਂ ਕਰ ਸੱਕਦੇ ਹਨ।
- ਜਦੋਂ ਤੁਸੀਂ ਤੁਰ ਰਹੇ ਹੋ ਤਾਂ **ਵੱਖੋ ਵੱਖਰੀਆਂ ਚੀਜਾਂ ਦੀ ਗਿਣਤੀ ਕਰੋ** ਜੋ ਤੁਹਾਨੂੰ ਦਿੱਸ ਰਹੀਆਂ ਹਨ, ਉਦਾਹਰਣ ਵਜੋਂ ਇੱਕ ਬਾਗ ਵਿੱਚ ਫੁੱਲ।
- ਜੰਤਰੀ 'ਤੇ ਆਪਣੇ ਬੱਚੇ ਨੂੰ ਉਨ੍ਹਾਂ ਦਿਨਾਂ 'ਤੇ ਨਿਸ਼ਾਨ ਲਗਾਉਣ ਲਈ ਕਹੋ ਜਦੋਂ ਉਹ ਸਕੂਲ ਗਏ ਸਨ ਜਾਂ ਕੋਈ ਹੋਰ ਗਤੀਵਿਧੀ ਕੀਤੀ ਸੀ। ਹਫਤੇ ਦੇ ਅਖੀਰ ਵਿੱਚ **ਹਰੇਕ ਕਿਰਿਆ ਲਈ ਦਿਨਾਂ ਦੀ ਗਿਣਤੀ ਸ਼ਾਮਲ ਕਰੋ।**
- ਖਰੀਦਦਾਰੀ ਕਰਨ ਸਮੇਂ, ਇਸ ਬਾਰੇ ਗੱਲਬਾਤ ਕਰੋ ਕਿ ਤੁਹਾਨੂੰ ਕੀ ਖਰੀਦਣ ਦੀ ਜ਼ਰੂਰਤ ਹੈ। **ਪ੍ਰਸ਼ਨ ਪੁਛੋ** ਜਿਵੇਂ ਕਿ, "ਪਰਿਵਾਰ ਵਿੱਚ ਹਰੇਕ ਲਈ ਕਿਨ੍ਹੇ ਕੇਲੇ? ਜੇ ਮੈਂ ਇੱਕ ਹੋਰ ਲੈ ਲਵਾਂ, ਸਾਡੇ ਕੋਲ ਕਿਨ੍ਹੇ ਹੋਣਗੇ?"
- **ਉਹ ਖੇਡਾਂ ਖੇਡੋ ਜੋ ਦੋ ਡਾਈਸਾਂ ਦੀ ਵਰਤੋਂ ਕਰਨ**, ਮਿਸਾਲ ਵਜੋਂ "Snakes and Ladders।"








# ਘਟਾਉਣ ਦੀਆਂ ਕਾਰਵਾਈਆਂ ਨੂੰ ਉਤਸ਼ਾਹਿਤ ਕਰਨਾ


- **ਹਰ ਰੋਜ਼ ਦੀਆਂ ਵਸਤਾਂ ਨੂੰ ਘਟਾਓ।** ਆਪਣੇ ਲੰਚ ਬਾਕਸ ਵਿੱਚਲੀਆਂ ਚੀਜਾਂ ਨੂੰ ਗਿਣੋ ਅਤੇ ਫਿਰ ਨਿਕਾਲੀਆਂ ਗਈਆਂ ਵਸਤਾਂ ਨੂੰ ਘਟਾਓ।
- **ਖਾਣ ਸਮੇਂ ਗਿਣੋ ਕਿ ਤੁਹਾਡੇ ਕੋਲ ਕਿੰਨ੍ਹੀਆਂ ਚੀਜਾਂ ਹਨ।** ਸਵਾਲ ਪੁਛੋ ਜਿਵੇਂ ਕਿ, "ਮੈਂ ਕਿਨ੍ਹੇ ਅੰਗੂਰ ਖਾ ਲਏ ਹਨ? ਬਾਕੀ ਕਿਨ੍ਹੇ ਰਹਿ ਗਏ ਹਨ?"
- ਆਪਣੇ ਬੱਚੇ ਨੂੰ **ਫਰਕ ਦੇਖਣ ਲਈ ਉਤਸ਼ਾਹਿਤ ਕਰੋ ਜਦੋਂ ਚੀਜਾਂ ਕੱਢੀਆਂ ਜਾਂਦੀਆਂ ਹਨ** ਜਿਵੇਂ ਕਿ ਕਾਰਟਨ ਵਿੱਚੋਂ ਆਂਡੇ ਕੱਢੇ ਜਾਣ ਜਾਂ ਕੇਲਿਆਂ ਨੂੰ ਝੁੰਡ ਵਿੱਚੋਂ ਨਿਖੇੜਿਆ ਜਾਵੇ।
- **ਗੀਤ ਗਾਓ** ਜਿਵੇਂ ਕਿ, "Five Little Ducks", ਜਿਥੇ ਇੱਕ ਘਟਾਉਣ ਨਾਲ ਨੰਬਰ ਘੱਟਦੇ ਹਨ।
- **ਸਵਾਲ ਪੁਛੋ** ਜਿਵੇਂ ਕਿ, "ਸਾਡੇ ਕੋਲ ਛੱਨੇ ਵਿੱਚ ਪੰਜ ਸੇਬ ਹਨ। ਜੇ ਮੈਂ ਦੋ ਖਾ ਲਵਾਂ ਤਾਂ ਬਾਕੀ ਕਿਨ੍ਹੇ ਸੇਬ ਰਹਿ ਜਾਣਗੇ?"

# ਅੰਗ੍ਰੇਜ਼ੀ ਵਿੱਚ ਵਧਾਉਣ ਅਤੇ ਘਟਾਉਣ ਦੀਆਂ ਕਿਤਾਬਾਂ






# ਪੈਟਰਨਾ ਦੀ ਪਹਿਚਾਣ ਕਰਨਾ ਅਤੇ ਬਣਾਉਣਾ

ਇੱਕ ਪੈਟਰਨ ਦੁਹਰਾਇਆ ਸੈਟ ਹੁੰਦਾ ਹੈ। ਇਹ ਨਮੂਨਿਆਂ, ਅਵਾਜ਼ਾਂ, ਨੰਬਰਾਂ ਜਾਂ ਪਦਾਰਥਾਂ ਤੋਂ ਬਣਾਇਆ ਜਾ ਸਕਦਾ ਹੈ।

ਬੱਚੇ ਪਹਿਚਾਣ ਕਰਨ, ਬਣਾਉਣ, ਨਕਲ ਕਰਨ ਅਤੇ ਰੋਜ਼ਮਰਾ ਦੀਆਂ ਕਾਰਵਾਈਆਂ ਦੁਆਰਾ ਪੈਟਰਨਾਂ ਨੂੰ ਜਾਰੀ ਰੱਖ ਸੱਕਦੇ ਹਨ।





## ਵਰਤੋਂ ਵਾਲੇ ਸ਼ਬਦ

- ਦੁਹਰਾਉਣਾ
- ਜਾਰੀ ਰੱਖੋ
- ਬਣਾਓ
- ਪਛਾਣੋ
- ਵਰਣਨ ਕਰਨਾ
- ਨਮੂਨਾ
- ਉਹੀ
- ਵੱਖਰਾ

## ਪੈਟਰਨਾਂ ਨੂੰ ਪਹਿਚਾਣੋਂ ਅਤੇ ਉਨ੍ਹਾਂ ਦੀ ਸ਼ਨਾਖਤ ਕਰੋ


- **ਪੈਟਰਨਾਂ ਦੀ ਸ਼ਨਾਖਤ ਕਰੋ** ਜਿਵੇਂ ਉਹ ਤੋਹਫੇ ਵਲੇਟਣ ਵਾਲੇ ਕਾਗਜ਼ਾਂ, ਗੁਸਲਖਾਨੇ ਦੀਆਂ ਟਾਇਲਾਂ ਅਤੇ ਘਰਾਂ ਦੇ ਡਰਾਈਵਵੇਜ਼ ਉਪਰ ਹੁੰਦੇ ਹਨ। ਵੱਖੋ ਵੱਖਰੇ ਪੈਟਰਨਾਂ ਬਾਰੇ ਗੱਲ ਕਰੋ ਅਤੇ ਵਿਚਾਰ ਕਰੋ ਕਿ ਇਸ ਦਾ ਪੈਟਰਨ ਕਿਵੇਂ ਬਣਦਾ ਹੈ।
- **ਨਮੂਨਿਆ ਬਾਰੇ ਗਲ ਕਰੋ।** ਸਵਾਲ ਪੁਛੋ ਜਿਵੇਂ ਕਿ "ਇਹ ਇੱਕ ਪੈਟਰਨ ਕਿਉਂ ਹੈ?" "ਕੀ ਤੁਸੀਂ ਇਸ ਪੈਟਰਨ ਨੂੰ ਜਾਰੀ ਰੱਖ ਸਕਦੇ ਹੋ?"
- ਤੁਹਾਡੇ ਬੱਚੇ ਨੂੰ ਪੈਟਰਨਾਂ ਦੀ ਪਹਿਚਾਣ ਕਰਨ ਵਿੱਚ ਸਹਾਇਤਾ ਲਈ **ਕਾਰਡਾਂ, ਡੌਮੀਨੋਜ਼ ਜਾਂ ਡਾਈਸ (cards, dominoes or dice)** ਨਾਲ ਖੇਡਾਂ ਖੇਡੋ।

# ਪੈਟਰਨਾ ਦੀ ਨਕਲ ਕਰਨੀ


- ਹੱਥਾਂ ਦੀਆਂ ਤਾੜੀਆਂ ਨਾਲ ਖੇਡਾਂ ਖੇਡੋ ਜਿਥੇ ਤੁਸੀਂ **ਇੱਕ ਪੈਟਰਨ ਨੂੰ ਤਾੜੀ ਮਾਰਦੇ ਹੋ** ਅਤੇ ਤੁਹਾਡਾ ਬੱਚਾ ਉਸੇ ਪੈਟਰਨ ਨੂੰ ਦੁਹਰਾਉਂਦਾ ਹੈ। ਆਪਣੇ ਬੱਚੇ ਨੂੰ ਤਾੜੀ ਮਾਰਨ ਲਈ ਕਹੋ ਜੋ ਤੁਸੀਂ ਦੁਹਰਾਓ।
- **ਖਾਣੇ ਲਈ ਮੇਜ਼ ਦੀ ਇਕੱਠੇ ਤਿਆਰੀ ਕਰੋ ਅਤੇ ਇੱਕ ਪੈਟਰਨ ਬਣਾਓ ਜਿਸ ਵਿੱਚ ਇੱਕ** ਪਲੇਟ ਅਤੇ ਚਮਚਾ, ਪਲੇਟ ਅਤੇ ਚਮਚਾ, ਪਲੇਟ ਅਤੇ ਚਮਚਾ ਹੋਵੇ।


# ਪੈਟਰਨ ਬਣਾਉਣੇ


- **ਹਰ ਰੋਜ਼ ਵਰਤਣ ਵਾਲੀਆਂ ਵਸਤਾਂ** ਜਿਵੇਂ ਖਡਾਉਣਿਆਂ ਅਤੇ ਫਲਾਂ ਨਾਲ ਪੈਟਰਨ ਬਣਾਓ।
- **ਸਾਧਾਰਣ ਪੈਟਰਨਾਂ ਨਾਲ ਸ਼ੁਰੂਆਤ ਕਰੋ** ਅਤੇ ਫਿਰ **ਔਖੇ ਪੈਟਰਨ** ਬਣਾਓ ਜਿਵੇਂ ਕਿ ਇੱਕ ਸੇਬ, ਦੋ ਕੇਲੇ, ਇੱਕ ਸੇਬ, ਦੋ ਕੇਲੇ, ਇੱਕ ਸੇਬ, ਦੋ ਕੇਲੇ।




# ਅੰਗ੍ਰੇਜ਼ੀ ਵਿੱਚ ਪੈਟਰਨਾਂ ਬਾਰੇ ਕਿਤਾਬਾਂ






# ਤੁਹਾਡੇ ਬੱਚੇ ਨੂੰ ਅੰਗ੍ਰੇਜ਼ੀ ਸਾਖਰਤਾ ਦੇ ਹੁਨਰ ਵਿਕਸਤ ਕਰਨ ਵਿੱਚ ਸਹਾਇਤਾ ਲਈ ਕਿਤਾਬਾਂ

## ਗੱਲਬਾਤ ਕਰਨ ਅਤੇ ਸ਼ਬਦ ਨਿਰਮਾਣ ਲਈ ਕਿਤਾਬਾਂ

**Dunbi the Owl** – Daisy Utemorrah, editor Pamela Lofts. Scholastic Australia

**Possum Magic** – Mem Fox, illustrator Julie Vivas. Omnibus Books

**Splosh for the Billabong** – Ros Moriarty, illustrator Balarinji. Allen and Unwin

**The Day the Crayons Quit** – Drew Daywalt, illustrator Oliver Jeffers. Harper Collins Children's Books

**The Echidna and the Shade Tree** – Mona Green, editor Pamela Lofts. Scholastic Australia

**The Little Refugee** – Anh and Suzanne Do, illustrator Bruce Whatley. Allen & Unwin Children

**The True Story of the 3 Little Pigs** – Jon Scieszka, illustrator Lane Smith. Penguin

**The Very Cranky Bear** – Nick Bland. Scholastic Australia

## ਕਿਤਾਬਾਂ ਜਿਨ੍ਹਾਂ ਵਿੱਚ ਤੁਕਾਂਤ ਹਨ

**Miss Spider's Tea Party** – David Kirk. Scholastic Inc

**No Way Yirrikipayi!** – Alison Lester. Pan Macmillan Australia

**Pig the Pug** – Aaron Blabey. Scholastic Australia

**Piranhas Don't Eat Bananas** – Aaron Blabey. Scholastic Australia

**Oi Cat!** – Kes Gray, Jim Field. Hachette Australia

**Sebastian Lives in a Hat** – Thelma Catterwell, illustrator Kerry Argent. Omnibus Books

**Walking Through the Jungle** – Stella Blackstone. Barefoot Books

**The Cat in the Hat** – Dr Seuss. Random House

## ਅੱਖਰਾਂ ਬਾਰੇ ਕਿਤਾਬਾਂ

**ABC Dreaming** – Warren Brim. Magabala Books

**Animalia** – Graeme Base. Picture Puffins

**Dr Seuss's ABC** – Dr Seuss. Random House

**I Spy, An Alphabet in Art** – Lucy Micklethwait. Greenwillow Book

ਸੂਚੀਬੱਧ ਕੀਤੀਆਂ ਕਿਤਾਬਾਂ ਨੂੰ ਸਾਖਰਤਾਂ ਅਤੇ ਅੰਕਾਂ ਦੇ ਅਨੇਕਾਂ ਤਰੀਕਿਆਂ ਲਈ ਵਰਤਿਆ ਜਾ ਸਕਦਾ ਹੈ।

**ਸਾਡੀ ਵੈਬਸਾਈਟ ਤੇ ਜਾਓ ਅਤੇ ਤੁਹਾਡੇ ਬੱਚੇ ਦੀ ਸਕੂਲ ਵਿੱਚ ਵੱਧੀਆ ਸ਼ੁਰੂਆਤ ਕਰਨ ਦੀ ਸਹਾਇਤਾ ਲਈ ਵਧੇਰੇ ਸਰੋਤ ਲੱਭੋ:**

education.nsw.gov.au/lit-and-num-at-home




# ਅੰਗ੍ਰੇਜ਼ੀ ਕਿਤਾਬਾਂ ਜੋ ਤੁਹਾਡੇ ਬੱਚੇ ਦੇ ਅੰਕਾਂ ਦੇ ਹੁਨਰਾਂ ਨੂੰ ਵਿਕਸਤ ਕਰਨ ਵਿੱਚ ਸਹਾਇਤਾ ਕਰਨਗੀਆਂ

## ਨੰਬਰਾਂ ਅਤੇ ਗਿਣਤੀ ਬਾਰੇ ਕਿਤਾਬਾਂ

**Counting on Community** – Innosanto Nagara. Seven Stories Press, Penguin.

**Counting with Tiny Cat** – Viviane Schwarz. Walker Books

**Five Little Ducks** – Penny Ives. Child's Play International Ltd

**One is a Snail, Ten is a Crab** – April Pulley Sayre and Jeff Sayre, illustrator Randy Cecil. Scholastic Australia

**One Woolly Wombat** – Kerry Argent. Scholastic Australia

**Ten Black Dots** – Donald Crews. Scholastic Australia

**Ten Little Dinosaurs** – Mike Brownlow, illustrator Simon Rickerty. Orchard Books

**Ten Little Jarjum** – Tabulam Aboriginal Community members, editors Suzi Williams and Kate Merrifield. NSW Board of Studies

**Ten Scared Fish** – Ros Moriarty, illustrator Balarinji. Allen and Unwin

## ਜੋੜਨ ਅਤੇ ਘਟਾਉਣ ਬਾਰੇ ਕਿਤਾਬਾਂ

**Five Little Monkeys Play Hide-and-seek** – Eileen Christelow. Houghton Mifflin

**Ten Little Beasties** – Rebecca and Ed Emberley. Macmillan

**Ten Little Fingers and Ten Little Toes** – Mem Fox, illustrator Helen Oxenbury. Puffin Books

**Ten Little Ladybugs** – Melanie Gerth, illustrator Laura Huliska-Beith. Intervisual Books Inc

**There Were 10 in the Bed** – illustrator Wendy Straw. Sweet Cherry Publishing

**The Shopping Basket** – John Burningham. Random House

**Uno's Garden** – Graeme Base. Penguin Books, Puffin

## ਪੈਟਰਨਿੰਗ ਬਾਰੇ ਕਿਤਾਬਾਂ

**Anno's Counting Book** – Mitsumasa Anno. Harper Collins

**Caterpillar and Butterfly** – Ambelin Kwaymullina. Fremantle Press

**One fish, two fish, red fish, blue fish** – Dr Seuss. Random House

**The Very Hungry Caterpillar** – Eric Carle. Hamish Hamilton Press

© State of New South Wales (Department of Education), 2020.

The copyright material published in this resource is subject to the Copyright Act 1968 (Cth) and is owned by the NSW Department of Education or, where indicated, by a party other than the NSW Department of Education (third-party material).

Copyright material available in this resource and owned by the NSW Department of Education is licensed under a Creative Commons Attribution 4.0 International (CC BY 4.0) licence. This licence allows you to share and adapt the material for any purpose, even commercially.

Attribution should be given to © State of New South Wales (Department of Education), 2020.

Material in this resource not available under a Creative Commons licence:
- the NSW Department of Education logo, other logos and trademark-protected material
- material owned by a third party that has been reproduced with permission.
  You will need to obtain permission from the third party to reuse its material.

## ਟੈਲੀਫੋਨ ਦੁਭਾਸ਼ਿਆਈ ਸੇਵਾ

ਜੇ ਤੁਹਾਨੂੰ ਵਧੇਰੇ ਜਾਣਕਾਰੀ ਦੀ ਜ਼ਰੂਰਤ ਹੈ ਤਾਂ ਕਿਰਪਾ ਕਰਕੇ ਆਪਣੇ ਸਕੂਲ ਦੇ ਪ੍ਰਿੰਸੀਪਲ ਨੂੰ ਕਾਲ ਕਰੋ। ਜੇ ਤੁਹਾਨੂੰ ਆਪਣੀ ਪੁੱਛਗਿਛ ਵਿੱਚ ਸਹਾਇਤਾ ਕਰਨ ਲਈ ਕਿਸੇ ਦੁਭਾਸ਼ੀਏ ਦੀ ਜ਼ਰੂਰਤ ਹੈ ਤਾਂ ਕਿਰਪਾ ਕਰਕੇ 131 450 'ਤੇ ਟੈਲੀਫੋਨ ਇੰਟਰਪ੍ਰੈਟਰ ਸੇਵਾ ਨੂੰ ਕਾਲ ਕਰੋ ਅਤੇ ਆਪਣੀ ਭਾਸ਼ਾ ਵਿੱਚ ਦੁਭਾਸ਼ੀਏ ਦੀ ਮੰਗ ਕਰੋ। ਇਹ ਸੇਵਾ ਤੁਹਾਡੇ ਲਈ ਮੁਫਤ ਹੋਵੇਗੀ।